# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

ਹੁਕਮ ਨੰ : 10/71-2009 ਅ3(4) ਕੋ:ਸ:4

ਮਿਤੀ : 16-01-2015

ਦੋਸ ਸੂਚੀ

**ਸ਼੍ਰੀਮਤੀ ਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਨਵਾਂ ਤਨੇਲ ਜ਼ਿਲ੍ਹਾ ਅੰਮ੍ਰਿਤਸਰ ਹੁਣ ਲੀਅਨ ਸ.ਸ.ਸ.ਸ. ਖੇਮਕਰਨ ਜ਼ਿਲ੍ਹਾ ਤਰਨਤਾਰਨ** ਨੂੰ ਇਸ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸਬੰਧੀ ਕਾਰਵਾਈ ਕਰਨ ਦੀ ਤਜ਼ਵੀਜ਼ ਹੈ ।

2. ਕਰਮਚਾਰਨ ਨੂੰ ਦੱਸਿਆ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋਂ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦੀ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦੀ ਹੈ।

3. ਕਰਮਚਾਰਨ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋ ਇੱਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦੀ ਹੈ। ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪ੍ਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਇ ਵਿੱਚ ਇਹ ਰਿਕਾਰਡ ਵਿਖਾਉਣਾ ਲੋਕ ਹਿੱਤ ਵਿੱਚ ਨਹੀਂ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਪਾਸ ਨਾ ਹੋਵੇ, ਵੇਖਣਾ ਚਾਹੇ ਤਾਂ ਉਸ ਦਾ ਸਬੰਧਤ ਰਿਕਾਰਡ ਨੂੰ ਨਾ ਵੇਖਣਾ ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀਂ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸਚਿਤ ਸਮੇਂ ਦੇ ਅੰਦਰ ਅੰਦਰ ਸਹੀ ਕਰਤਾ ਨੂੰ ਨਾ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇਕ ਤਰਫਾ ਫੈਸਲਾ ਕੇਸ ਦੇ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿੱਖਤੀ ਜਵਾਬ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ/ਤਰਨ ਤਾਰਨ ਰਾਂਹੀਂ ਭੇਜਿਆ ਜਾਵੇ ਅਤੇ ਇਸ ਦੀ ਇੱਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਵੱਲ:

(ਰਜਿਸਟਰਡ) **ਸ਼੍ਰੀਮਤੀ ਦਵਿੰਦਰ ਕੌਰ, ਸਾਇੰਸ ਮਿਸਟ੍ਰੈਸ,**
**ਸਰਕਾਰੀ ਹਾਈ ਸਕੂਲ ਨਵਾਂ ਤਨੇਲ ਜ਼ਿਲ੍ਹਾ ਅੰਮ੍ਰਿਤਸਰ**
**ਹੁਣ ਲੀਅਨ ਸ.ਸ.ਸ.ਸ. ਖੇਮਕਰਨ ਜ਼ਿਲ੍ਹਾ ਤਰਨ ਤਾਰਨ।**

ਪਿੱਠ ਅੰਕਣ ਨੰ: ਉਕਤ /8074-77 ਮਿਤੀ : 18/2/15

<u>ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ :-</u>

1. ਜਿਲਾ ਸਿਖਿਆ ਅਫਸਰ (ਸੈ: ਸਿੰ:) ਅੰਮ੍ਰਿਤਸਰ/ਤਰਨਤਾਰਨ, ਉਪਰੋਕਤ ਕਰਮਚਾਰਨ ਦਾ ਉੱਤਰ ਨਿਸਚਿਤ ਸਮੇ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਤੁਰੰਤ ਇਸ ਦਫਤਰ ਨੂੰ ਭੇਜਣ।

2. ਪ੍ਰਿੰਸੀਪਲ ਸਰਕਾਰੀ ਹਾਈ ਸਕੂਲ ਨਵਾਂ ਤਨੇਲ ਜ਼ਿਲ੍ਹਾ ਅੰਮ੍ਰਿਤਸਰ ਸਬੰਧਤ ਦਾ ਉੱਤਰ ਆਪਣੀ ਟਿੱਪਣੀ ਸਹਿਤ ਉਪਰੋਕਤ ਦਰਸਾਏ ਸਮੇਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਰਾਹੀਂ ਇਸ ਦਫਤਰ ਨੂੰ ਭੇਜਣ।

3. ਪ੍ਰਿੰਸੀਪਲ ਸ.ਸ.ਸ.ਸ. ਖੇਮਕਰਨ ਜ਼ਿਲ੍ਹਾ ਤਰਨ ਤਾਰਨ ਸਬੰਧਤ ਦਾ ਉੱਤਰ ਆਪਣੀ ਟਿੱਪਣੀ ਸਹਿਤ ਉਪਰੋਕਤ ਦਰਸਾਏ ਸਮੇਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਰਾਹੀਂ ਇਸ ਦਫਤਰ ਨੂੰ ਭੇਜਣ।

ਸੁਪਰਡੰਟ ਕੋਆਰਡੀਨੇਸ਼ਨ ਸੈਲ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

**<u>ਦੋਸ਼ ਸੂਚੀ</u>**

ਸ਼੍ਰੀਮਤੀ ਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਨਵਾਂ ਤਨੇਲ ਜ਼ਿਲ੍ਹਾ ਅੰਮ੍ਰਿਤਸਰ ਹੁਣ ਲੀਅਨ ਸ.ਸ.ਸ.ਸ. ਖੇਮਕਰਨ ਜ਼ਿਲ੍ਹਾ ਤਰਨਤਾਰਨ ਵਿਰੁੱਧ ਦੋਸ਼ ਹੈ ਕਿ ਉਹ ਮਿਤੀ 13-03-2001 ਤੋਂ ਹੁਣ ਤੱਕ ਆਪਣੀ ਡਿਊਟੀ ਤੋਂ ਜਾਣ-ਬੁੱਝ ਕੇ ਗੈਰਹਾਜਰ ਰਹੀ ਹੈ।

ਇਸ ਤਰਾਂ ਕਰਕੇ ਕਰਮਚਾਰਨ ਨੇ ਆਪਣੇ ਆਪ ਨੂੰ ਸਜਾ ਦਾ ਭਾਗੀ ਬਣਾਇਆ ਹੈ ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

<u>ਦਸਤਾਵੇਜਾਂ ਦੀ ਸੂਚੀ</u>

1 ਕਰਮਚਾਰਨ ਦੀ ਗੈਰਹਾਜਰੀ ਬਾਰੇ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਅੰਮ੍ਰਿਤਸਰ/ਤਰਨਤਾਰਨ ਦੇ ਦਫਤਰ ਦੀ ਸਬੰਧਤ ਮਿਸਲ।

2. ਸਬੰਧਤ ਸਕੂਲਾਂ ਦੇ ਹਾਜਰੀ ਰਜਿਸਟਰ ਤੇ ਹੋਰ ਰਿਕਾਰਡ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

<u>ਗਵਾਹਾਂ ਦੀ ਸੂਚੀ</u>

1. ਪ੍ਰਿੰਸੀਪਲ ਸਰਕਾਰੀ ਹਾਈ ਸਕੂਲ ਨਵਾਂ ਤਨੇਲ, ਜ਼ਿਲ੍ਹਾ ਅੰਮ੍ਰਿਤਸਰ।
2. ਸਕੂਲ ਕਲਰਕ ਸਰਕਾਰੀ ਹਾਈ ਸਕੂਲ ਨਵਾਂ ਤਨੇਲ, ਜ਼ਿਲ੍ਹਾ ਅੰਮ੍ਰਿਤਸਰ।
3. ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ, ਜ਼ਿਲ੍ਹਾ ਤਰਨ ਤਾਰਨ।
4. ਸਕੂਲ ਕਲਰਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ, ਜ਼ਿਲ੍ਹਾ ਤਰਨ ਤਾਰਨ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

<u>ਦੋਸ਼ ਵਿਵਰਣ</u>

ਸ਼੍ਰੀਮਤੀ ਦਵਿੰਦਰ ਕੌਰ, ਸਾਇੰਸ ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਨਵਾਂ ਤਨੇਲ ਜ਼ਿਲ੍ਹਾ ਅੰਮ੍ਰਿਤਸਰ ਹੁਣ ਲੀਅਨ ਸ.ਸ.ਸ.ਸ. ਖੇਮਕਰਨ ਜ਼ਿਲ੍ਹਾ ਤਰਨਤਾਰਨ ਵਿਰੁੱਧ ਦੋਸ਼ ਹੈ ਕਿ ਉਹ ਮਿਤੀ 13-03-2001 ਤੋਂ ਹੁਣ ਤੱਕ ਆਪਣੀ ਡਿਊਟੀ ਤੋਂ ਜਾਣ-ਬੁੱਝ ਕੇ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਰਹੀ ਹੈ।

ਇਸ ਤਰਾਂ ਕਰਕੇ ਕਰਮਚਾਰਨ ਨੇ ਕੰਡਕਟ ਰੂਲਾਂ ਦੀ ਉਲਘੰਣਾ ਕੀਤੀ ਹੈ ਅਤੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋ ix) ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ